Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 14 ਨਵੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ਜ਼ਵਿਆਂ ਅਤੇ ਗ਼ਜ਼ਵਿਆਂ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ਼ ਪਿਛਲੇ ਖ਼ੁਤਬਿਆਂ ਵਿੱਚ ਜ਼ਿਕਰ ਹੋ ਰਿਹਾ ਸੀ। ਇਸ ਬਾਰੇ ਗ਼ਜ਼ਵਾ ਤਬੂਕ ਦੀ ਤਫ਼ਸੀਲ ਬਿਆਨ ਹੋ ਰਹੀ ਸੀ। ਇਸ ਦੀ ਹੋਰ ਤਫ਼ਸੀਲ ਇਹ ਹੈ ਕਿ ਇਸ ਮੌਕ਼ੇ 'ਤੇ ਇੱਕ ਔਰਤ ਨੇ ਬੜੇ **ਇਖ਼ਲਾਸ** ਅਤੇ **ਜੋਸ਼** ਦਾ ਇਜ਼ਹਾਰ ਕੀਤਾ, ਜਿਸ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਕਿਉਂਕਿ ਫ਼ੌਜ ਨੂੰ ਸ਼ਾਮ ਦੇ ਵੱਲ ਜਾਣਾ ਸੀ ਅਤੇ **ਮੌਤਾ** ਦੀ ਜੰਗ ਦਾ ਨਜ਼ਾਰਾ ਮੁਸਲਮਾਨਾਂ ਦੀਆਂ ਅੱਖਾਂ ਦੇ ਸਾਹਮਣੇ ਸੀ, ਇਸ ਲਈ ਹਰ ਮੁਸਲਮਾਨ ਦੇ ਦਿਲ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜਾਨ ਦੀ **ਹਿਫ਼ਾਜ਼ਤ** ਦਾ ਖ਼ਿਆਲ ਸਭ ਖ਼ਿਆਲਾਂ ਉੱਤੇ **ਭਾਰੂ** ਸੀ। ਔਰਤਾਂ ਤੱਕ ਵੀ ਇਸ ਖ਼ਤਰੇ ਨੂੰ ਮਹਿਸੂਸ ਕਰ ਰਹੀਆਂ ਸਨ ਅਤੇ ਆਪਣੇ **ਪਤੀਆਂ** ਅਤੇ ਆਪਣੇ **ਬੇਟਿਆਂ** ਨੂੰ ਜੰਗ 'ਤੇ ਜਾਣ ਦੀ **ਤਲਕ਼ੀਨ** ਕਰ ਰਹੀਆਂ ਸਨ।

ਇਸ **ਇਖ਼ਲਾਸ** ਅਤੇ ਇਸ **ਜੋਸ਼** ਦਾ ਅੰਦਾਜ਼ਾ ਇਸ ਤਰ੍ਹਾਂ ਹੋ ਸਕਦਾ ਹੈ ਕਿ ਇੱਕ ਸਹਾਬੀ ਜਿਹੜੇ ਕਿਸੇ ਕੰਮ ਲਈ ਬਾਹਰ ਗਏ ਹੋਏ ਸਨ, ਉਸ ਵੇਲੇ ਵਾਪਿਸ ਪਰਤੇ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ੌਜ ਸਮੇਤ ਮਦੀਨੇ ਤੋਂ ਰਵਾਨਾ ਹੋ ਚੁੱਕੇ ਸਨ। ਇੱਕ ਅਰਸੇ ਦੀ **ਜੁਦਾਈ** ਦੇ ਬਾਅਦ ਜਦ ਉਹ ਇਸ ਖ਼ਿਆਲ ਨਾਲ਼ ਆਪਣੇ ਘਰ ਵਿੱਚ ਦਾਖ਼ਿਲ ਹੋਏ ਕਿ ਆਪਣੀ ਬੀਵੀ ਨੂੰ ਜਾ ਕਿ ਦੇਖਣਗੇ ਅਤੇ ਖੁਸ਼ ਹੋਣਗੇ। ਉਨ੍ਹਾਂ ਨੇ ਆਪਣੀ ਬੀਵੀ ਨੂੰ **ਵਿਹੜੇ** ਵਿੱਚ ਬੈਠੇ ਹੋਏ ਦੇਖਿਆ ਅਤੇ **ਮੁਹੱਬਤ** ਨਾਲ਼ **ਪਿਆਰ** ਕਰਨ ਦੇ ਲਈ ਅੱਗੇ ਵਧੇ, ਜਦ ਉਹ ਬੀਵੀ ਦੇ ਕ਼ਰੀਬ ਗਏ ਤਾਂ ਉਨ੍ਹਾਂ ਦੀ ਬੀਵੀ ਨੇ ਦੋਹੇਂ ਹੱਥਾਂ ਨਾਲ਼ ਉਨ੍ਹਾਂ ਨੂੰ ਧੱਕਾ ਦੇ ਦਿੱਤਾ ਅਤੇ ਪਿੱਛੇ ਹਟਾ ਦਿੱਤਾ ਅਤੇ ਕਿਹਾ ਕਿ ਕੀ ਤੈਨੂੰ **ਸ਼ਰਮ** ਨਹੀਂ ਆਉਂਦੀ ਕਿ ਖ਼ੁਦਾ ਦਾ ਰਸੂਲ ਉਸ ਖ਼ਤਰੇ ਦੀ ਜਗ੍ਹਾ 'ਤੇ ਜਾ ਰਿਹਾ ਹੈ ਅਤੇ ਤੂੰ ਆਪਣੀ ਬੀਵੀ ਨਾਲ਼ ਪਿਆਰ ਕਰਨ ਦੀ **ਜੁਰਅਤ** ਕਰਦਾ ਹੈਂ, ਪਹਿਲਾਂ ਜਾ! ਆਪਣਾ **ਫ਼ਰਜ਼** ਅਦਾ ਕਰ, ਇਸ ਦੇ ਬਾਅਦ ਇਹ ਗੱਲਾਂ ਦੇਖੀਆਂ ਜਾਣਗੀਆਂ।

ਉਹ ਸਹਾਬੀ ਫ਼ੌਰਨ ਘਰੋਂ ਬਾਹਰ ਨਿਕਲ਼ ਗਏ ਅਤੇ ਆਪਣੀ ਸਵਾਰੀ ਦੀ ਪੇਟੀ ਕੱਸੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਤਿੰਨ ਮੰਜ਼ਿਲਾਂ 'ਤੇ ਜਾ ਕੇ ਮਿਲ਼ ਗਏ। ਫਿਰ ਉਸੇ ਵੇਲੇ ਘਰ ਵਾਪਿਸ ਆਏ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਦੂਸਰੇ ਸਹਾਬਾ ਦੇ ਨਾਲ਼ ਮਦੀਨੇ ਵਾਪਿਸ ਪਰਤੇ। ਭਾਵ ਕਿ ਇਹ ਉਹ ਲੋਕ ਸਨ ਜਿਨ੍ਹਾਂ ਨੇ ਹਰ **ਖ਼ਤਰੇ** ਦੇ ਮੌਕ਼ੇ 'ਤੇ ਆਪਣੀ ਜਾਨ ਨੂੰ ਬਿਨਾ ਸੋਚੇ ਸਮਝੇ ਖ਼ਤਰੇ ਵਿੱਚ ਪਾ ਦਿੱਤਾ। ਕੋਈ **ਤਕਲੀਫ਼** ਅਤੇ **ਦੁੱਖ** ਉਨ੍ਹਾਂ ਨੂੰ ਨਹੀਂ ਪਹੁੰਚਿਆ, ਜਿਸ ਨੂੰ ਉਨ੍ਹਾਂ ਨੇ **ਤਕਲੀਫ਼** ਜਾਂ **ਦੁੱਖ** ਜਾਣਿਆ ਹੋਵੇ ਬਲਕਿ ਜਦ ਵੀ ਕੋਈ ਖ਼ਿਦਮਤ ਦਾ ਮੌਕ਼ਾ ਆਉਂਦਾ ਤਾਂ ਉਹ ਆਪਣੀ ਜਾਨ ਖ਼ੁਸ਼ੀ ਨਾਲ਼ ਪੇਸ਼ ਕਰ ਦਿੰਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬ-ਹਰ ਹਾਲ ਇਸ ਦੀਆਂ ਤਫ਼ਸੀਲਾਂ ਵਿੱਚ ਇਹ ਲਿਖਿਆ ਹੈ ਕਿ 15 ਜਾਂ 19 ਮੁਕ਼ਾਮਾਂ 'ਤੇ ਪੜਾਅ ਕਰਦੇ ਹੋਏ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਸਹਾਬਾ ਸਮੇਤ ਤਬੂਕ ਦੇ ਮੁਕ਼ਾਮ 'ਤੇ ਪਹੁੰਚ ਗਏ। ਤਬੂਕ ਦੇ ਇਸ ਸਫ਼ਰ ਵਿੱਚ ਜਿਨ੍ਹਾਂ ਜਗ੍ਹਾਵਾਂ 'ਤੇ ਪੜਾਅ ਕੀਤਾ ਗਿਆ, ਉਸ ਦੀ ਅਲਗ ਤੋਂ ਤਫ਼ਸੀਲ ਨਹੀਂ ਮਿਲ਼ਦੀ ਅਲਬੱਤਾ ਬਾਅਦ ਵਿੱਚ ਇਨ੍ਹਾਂ ਜੰਗਾਵਾਂ 'ਤੇ **ਮਸਜਿਦਾਂ** ਬਣਾਈਆਂ ਗਈਆਂ ਅਤੇ ਇਨ੍ਹਾਂ ਮੁਕ਼ਾਮਾਂ ਦੇ ਨਾਮ 'ਤੇ ਮਸਜਿਦਾਂ ਦੇ ਨਾਮ ਰੱਖੇ ਗਏ। ਇਤਿਹਾਸਕਾਰਾਂ ਨੇ ਇਸ ਨਾਲ਼ ਇਹ ਤਫ਼ਸੀਲ ਬਿਆਨ ਕੀਤੀ ਕਿ ਇਨ੍ਹਾਂ ਜਗ੍ਹਾਵਾਂ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ਿਆਮ ਕੀਤਾ ਹੋਵੇਗਾ।

ਇੱਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਉਕ਼ਬਾ ਬਿਨ ਆਮਿਰ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਗ਼ਜ਼ਵਾ ਤਬੂਕ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਨਿਕਲੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇੱਕ ਰਾਤ ਸੌਂ ਗਏ ਅਤੇ ਉਸ ਵੇਲ਼ੇ ਜਾਗੇ ਜਦ **ਸੂਰਜ** ਨੇਜ਼ਾ ਭਰ ਬੁਲੰਦ ਹੋ ਚੁੱਕਿਆ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਬਿਲਾਲ! ਕੀ ਮੈਂ ਨਹੀਂ ਕਿਹਾ ਸੀ ਕਿ ਸਾਡੇ ਲਈ ਫਜਰ ਦਾ **ਇੰਤਿਜ਼ਾਰ** ਕਰਨਾ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਤਰ੍ਹਾਂ ਮੈਨੂੰ ਵੀ ਨੀਂਦ ਆ ਗਈ ਸੀ। ਰਾਵੀ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ੌਜ ਨੂੰ ਰਵਾਨਗੀ ਦਾ ਹੁਕਮ ਦਿੱਤਾ ਅਤੇ ਫਿਰ ਕੁੱਝ ਫ਼ਾਸਲਾ ਤੈਅ ਕਰਨ ਦੇ ਬਾਅਦ ਸਵਾਰੀ ਤੋਂ ਉੱਤਰ ਕੇ **ਸੁੰਨਤਾਂ** ਅਦਾ ਕੀਤੀਆਂ ਅਤੇ ਸਹਾਬਾ ਨੂੰ ਨਮਾਜ਼ ਪੜ੍ਹਾਈ। ਫਿਰ ਆਪ ਸਾਰਾ ਦਿਨ ਅਤੇ ਸਾਰੀ ਰਾਤ ਸਫ਼ਰ ਕਰਦੇ ਰਹੇ ਇਥੋਂ ਤੱਕ ਕਿ ਅਗਲੇ ਦਿਨ ਸਵੇਰ ਦੇ ਵੇਲ਼ੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤਬੂਕ ਪਹੁੰਚ ਗਏ।

ਤਬੂਕ ਪਹੁੰਚ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੱਲਾਹ ਤਆਲਾ ਦੀ **ਹਮਦ** ਅਤੇ **ਸਨਾ** ਬਿਆਨ ਕੀਤੀ ਅਤੇ ਸਹਾਬਾ ਨਾਲ਼ ਖ਼ਿਤਾਬ ਕੀਤਾ ਅਤੇ ਨਸੀਹਤਾਂ ਕਰਦੇ ਹੋਏ ਦੁਆ ਕੀਤੀ, ਐ ਅੱਲਾਹ! ਮੈਨੂੰ ਅਤੇ ਮੇਰੀ ਉੱਮਤ ਨੂੰ ਬਖ਼ਸ਼ ਦੇ। ਐ ਅੱਲਾਹ! ਮੈਨੂੰ ਅਤੇ ਮੇਰੀ ਉੱਮਤ ਨੂੰ ਬਖ਼ਸ਼ ਦੇ। ਐ ਅੱਲਾਹ! ਮੈਨੂੰ ਅਤੇ ਮੇਰੀ ਉੱਮਤ ਨੂੰ ਬਖ਼ਸ਼ ਦੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਗੱਲਾਂ ਤਿੰਨ ਵਾਰ ਦੋਹਰਾਈਆਂ ਅਤੇ ਫਿਰ ਫ਼ਰਮਾਇਆ ਕਿ ਮੈਂ ਅੱਲਾਹ ਕੋਲੋਂ ਆਪਣੇ ਅਤੇ ਤੁਹਾਡੇ ਲਈ **ਮਗ਼ਫ਼ਿਰਤ** ਤਲਬ ਕਰਦਾ ਹਾਂ।

ਇਸ ਮੌਕ਼ੇ 'ਤੇ **ਹਿਰਕ੍ਲ** ਨੂੰ ਦਾਅਵਤਿ ਇਸਲਾਮ ਦੇ ਲਈ ਖ਼ਤ ਦਾ ਵੀ ਜ਼ਿਕਰ ਮਿਲ਼ਦਾ ਹੈ। ਚੁਨਾਂਚਿ ਹਿਰਕ੍ਲ ਨੂੰ ਜਦ ਖ਼ਤ ਦਿੱਤਾ ਗਿਆ ਤਾਂ ਉਸਨੇ ਉਸਨੂੰ ਪੜ੍ਹਿਆ ਅਤੇ ਕਿਹਾ ਕਿ ਤੁਸੀਂ ਆਪਣੇ ਨਬੀ ਦੇ ਕੋਲ਼ ਚਲੇ ਜਾਓ ਅਤੇ ਉਸ ਨੂੰ ਦੱਸ ਦਿਓ ਕਿ ਮੈਂ ਉਸਦਾ **ਪੈਰੋਕਾਰ** ਹਾਂ ਪਰ ਮੈਂ ਆਪਣੀ ਸਲ੍ਤਨਤ ਨੂੰ ਨਹੀਂ ਛੱਡਣਾ ਚਾਹੁੰਦਾ। ਉਸ ਨੇ ਕੁੱਝ ਦੀਨਾਰ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਭੇਜੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਉਸ ਦੇ ਬਾਰੇ ਦੱਸਿਆ ਗਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਇਹ ਉਸਨੇ ਝੂਠ ਬੋਲਿਆ ਹੈ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੀਨਾਰ ਲੋਕਾਂ ਵਿੱਚ ਵੰਡ ਦਿੱਤੇ।

ਇਤਿਹਾਸ ਵਿੱਚ **ਈਲਾ** ਦੇ ਵਸਨੀਕਾਂ ਨਾਲ਼ ਸੁਲਹ ਦਾ ਜ਼ਿਕਰ ਮਿਲ਼ਦਾ ਹੈ। ਤਬੂਕ ਵਿੱਚ ਕ਼ਿਆਮ ਦੇ ਦੌਰਾਨ **ਈਲਾ** ਦਾ ਹਾਕਿਮ ਅਤੇ ਉਸ ਦੇ ਨਾਲ਼ **ਸ਼ਾਮ** ਦੇ ਵਸਨੀਕ, **ਯਮਨ** ਦੇ ਵਸਨੀਕ, **ਬਹਰ** ਦੇ ਵਸਨੀਕ, **ਜਰਬਾਅ** ਦੇ ਵਸਨੀਕ, ਅਤੇ **ਅਜ਼ਰੁਹ** ਦੇ ਵਸਨੀਕ ਵੀ ਆਏ ਅਤੇ ਉਨ੍ਹਾਂ ਨੇ ਵੀ ਸੁਲਹ ਦੀ ਦਰਖ਼ਾਸਤ ਕੀਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੇ ਲਈ ਇੱਕ **ਅਮਾਨ ਨਾਮਾ** ਲਿਖ ਦਿੱਤਾ। ਫਿਰ ਮਕ਼ਨਾ ਦੇ ਵਸਨੀਕ ਯਹੂਦੀਆਂ ਨਾਲ਼ ਸੁਲਹ ਦੀ ਸੰਧੀ ਹੋਈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਵੀ ਅਮਾਨ ਨਾਮਾ ਲਿਖ ਕੇ ਦਿੱਤਾ।

ਗ਼ਜ਼ਵਾ ਤਬੂਕ ਦੇ ਹਵਾਲੇ ਨਾਲ਼ ਹੀ ਇੱਕ ਸਿੱਰਿਯਾ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਉਕੈਦਿਰ ਬਿਨ ਅਬਦੁਲ ਮਲਿਕ ਦੇ ਵੱਲ ਦਾ ਜ਼ਿਕਰ ਮਿਲ਼ਦਾ ਹੈ। ਤਬੂਕ ਤੋਂ 400 ਕਿਲੋਮੀਟਰ ਦੇ ਫ਼ਾਸਲੇ 'ਤੇ ਇਹ **ਕ਼ਿਲ੍ਹਾ** ਸੀ। ਉਕੈਦਿਰ ਕ਼ਬੀਲਾ ਬਨੂ ਕਿਨ੍ਦਾ ਵਿੱਚੋਂ ਸੀ ਅਤੇ ਉਸ ਦਾ ਬਾਦਸ਼ਾਹ ਇਸਾਈ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਤੂੰ ਉਸਨੂੰ ਰਾਤ ਦੇ ਵੇਲ਼ੇ ਦੇਖੇਂਗਾ, ਜਦ ਉਹ **ਗਾਂ** ਦਾ ਸ਼ਿਕਾਰ ਕਰ ਰਿਹਾ ਹੋਵੇਗਾ, ਤੂੰ ਉਸ ਨੂੰ ਫੜ ਲੈਣਾ। ਫਿਰ ਫ਼ਰਮਾਇਆ ਕਿ ਅੱਲਾਹ ਤਆਲਾ

ਤੁਹਾਡੇ ਲਈ **ਰੋਮਾ** ਨੂੰ ਫ਼ਤਿਹ ਕਰਾ ਦੇਵੇਗਾ। ਜੇਕਰ ਤੁਸੀਂ ਉਸ 'ਤੇ **ਗ਼ਲਬਾ** ਪਾ ਲਓ ਤਾਂ ਉਸਨੂੰ ਕ਼ਤਲ ਨਾ ਕਰਨਾ, ਉਸਨੂੰ ਮੇਰੇ ਕੋਲ਼ ਲੈ ਆਉਣਾ। ਜੇਕਰ ਉਹ ਇਨਕਾਰ ਕਰੇ, ਲੜਾਈ ਕਰੇ ਤਾਂ ਫਿਰ ਉਸਨੂੰ ਕ਼ਤਲ ਕਰ ਦੇਣਾ। ਚੁਨਾਂਚਿ ਅਜਿਹਾ ਹੀ ਹੋਇਆ।

ਤਬੂਕ ਦੇ ਮੌਕ਼ੇ 'ਤੇ ਇੱਕ ਸਹਾਬੀ ਹਜ਼ਰਤ ਅਬਦੁੱਲਾਹ ਬਿਨ ਜ਼ੁਲ੍-ਬਜਾਦੈਨ ਮੁਜ਼ਨੀ ਰਜ਼ਿ ਅੱਲਾਹੁ ਅਨਹੁ ਦੀ **ਵਫ਼ਾਤ** ਅਤੇ **ਤਦਫ਼ੀਨ** ਦਾ ਵੀ ਜ਼ਿਕਰ ਮਿਲ਼ਦਾ ਹੈ। ਜਿਸ ਨੂੰ ਦੇਖ ਕੇ ਕੁੱਝ ਵਡੇਰੇ ਸਹਾਬਾ ਨੇ **ਖ਼ਾਹਿਸ਼** ਕੀਤੀ ਕਿ ਕਾਸ਼! ਇਸ ਦਫ਼ਨ ਹੋਣ ਵਾਲ਼ੇ ਦੀ ਜਗ੍ਹਾ ਉਹ ਖ਼ੁਦ ਹੁੰਦੇ। ਇਸੇ ਤਰ੍ਹਾਂ ਇਸ ਸਫ਼ਰ ਵਿੱਚ ਹਜ਼ਰਤ ਮੁਆਵੀਆ ਬਿਨ ਮੁਆਵੀਆ ਮੁਜ਼ਨੀ ਰਜ਼ਿ ਅੱਲਾਹੁ ਅਨਹੁ ਦੀ ਨਮਾਜ਼ਿ ਜਨਾਜ਼ਾ ਦਾ ਵੀ ਜ਼ਿਕਰ ਮਿਲ਼ਦਾ ਹੈ। ਹਜ਼ਰਤ ਅਨਸ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤਬੂਕ ਵਿੱਚ ਸਨ ਕਿ ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ ਆਏ ਅਤੇ ਕਹਿਣ ਲੱਗੇ ਕਿ ਯਾ ਰਸੂਲੁੱਲਾਹ! ਮੁਆਵੀਆ ਮੁਜ਼ਨੀ ਰਜ਼ਿ ਅੱਲਾਹੁ ਅਨਹੁ ਮਦੀਨੇ ਵਿੱਚ ਫ਼ੌਤ ਹੋ ਗਏ ਹਨ, ਉਨ੍ਹਾਂ ਦੀ **ਨਮਾਜ਼ਿ ਜਨਾਜ਼ਾ** ਪੜ੍ਹੋ। ਫਿਰ ਕਸ਼ਫ਼ੀ ਤੌਰ 'ਤੇ ਉਨ੍ਹਾਂ ਦੀ ਮੰਜੀ, ਜਿਸ 'ਤੇ ਉਨ੍ਹਾਂ ਦਾ ਜਨਾਜ਼ਾ ਸੀ, ਹਵਾ ਵਿੱਚ ਬੁਲੰਦ ਕੀਤੀ ਗਈ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅੱਖਾਂ ਦੇ ਸਾਹਮਣੇ ਆ ਗਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਮਾਜ਼ਿ ਜਨਾਜ਼ਾ ਅਦਾ ਕੀਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਫ਼ਰਿਸ਼ਤਿਆਂ ਦੀਆਂ ਸਫ਼ਾਂ ਵੀ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ ਕੋਲੋਂ ਪੁੱਛਿਆ ਕਿ ਇਹ ਮੁਕ਼ਾਮ ਉਸਨੂੰ ਕਿਵੇਂ ਹਾਸਿਲ ਹੋਇਆ। ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ ਨੇ ਜਵਾਬ ਦਿੱਤਾ ਕਿ ਸੂਰਤ ਕੁ਼ਲਹੁ ਅੱਲਾਹੁ ਅਹਦ (قُلْ هُوَ اللّٰهُ أَحَدٌ) ਨਾਲ਼ ਮੁਹੱਬਤ ਕਰਨ ਦੀ ਵਜ੍ਹਾ ਨਾਲ਼ ਉਹ ਉੱਠਦੇ ਬਹਿੰਦੇ ਸਵਾਰ ਅਤੇ ਪੈਦਲ ਹਰ ਹਾਲਤ ਵਿੱਚ ਇਸਦੀ ਤਿਲਾਵਤ ਕਰਦੇ ਸਨ।

ਇਹ ਵੀ ਜ਼ਿਕਰ ਮਿਲ਼ਦਾ ਹੈ ਕਿ ਤਬੂਕ ਵਿੱਚ ਪਹੁੰਚਣ ਦੇ ਬਾਅਦ ਹੋਰ **ਪੇਸ਼ਕ਼ਦਮੀ** ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨਾਲ਼ ਮਸ਼ਵਰਾ ਕੀਤਾ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! **ਰੋਮ** ਦੇ ਵਸਨੀਕਾਂ ਦੇ ਕੋਲ਼ ਬਹੁਤ ਫ਼ੌਜ ਹੈ, ਉਨ੍ਹਾਂ ਵਿੱਚੋਂ ਮੁਸਲਮਾਨ ਕੋਈ ਵੀ ਨਹੀਂ ਹੈ। ਅਸੀਂ ਉਨ੍ਹਾਂ ਦੇ ਕ਼ਰੀਬ ਆ ਗਏ ਹਾਂ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਰੀਬ ਆਉਣ ਨੇ ਹੀ ਉਨ੍ਹਾਂ ਨੂੰ **ਭੈਭੀਤ** ਕਰ ਦਿੱਤਾ ਹੈ। ਅਸੀਂ ਇਸ ਸਾਲ ਵਾਪਿਸ ਚਲੇ ਜਾਂਦੇ ਹਾਂ, ਇੱਥੋਂ ਤੱਕ ਕਿ ਕੋਈ ਰਾਏ ਪੈਦਾ ਕਰ ਲਈਏ ਜਾਂ ਅੱਲਾਹ ਤਆਲਾ ਕੋਈ **ਸੂਰਤਿ ਹਾਲ** ਪੈਦਾ ਫ਼ਰਮਾ ਦੇਵੇ। ਬ-ਹਰ ਹਾਲ ਇਸ ਗੱਲ ਨੂੰ ਸੁਣ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਬੂਕ ਵਿੱਚ 20 ਦਿਨ ਕ਼ਿਆਮ ਫ਼ਰਮਾਉਣ ਦੇ ਬਾਅਦ ਜਾਣ ਦਾ ਫ਼ੈਸਲਾ ਕੀਤਾ ਅਤੇ ਇੱਕ ਦੂਸਰੇ ਕ਼ੌਲ ਦੇ ਮੁਤਾਬਿਕ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 20 ਦਿਨ ਤੋਂ ਘੱਟ ਦਿਨ ਤਬੂਕ ਵਿੱਚ ਕ਼ਿਆਮ ਫ਼ਰਮਾਇਆ। ਮਦੀਨੇ ਤੋਂ ਰਵਾਨਗੀ ਅਤੇ ਵਾਪਿਸੀ ਤੱਕ ਦੋ ਮਹੀਨਿਆਂ ਜਾਂ ਇਸ ਤੋਂ ਜ਼ਿਆਦਾ ਅਰਸਾ ਲੱਗਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਵਾਪਿਸ ਮਦੀਨੇ ਤੱਕ ਆਉਣ ਦੇ ਸਫ਼ਰ ਦੀ ਤਫ਼ਸੀਲ ਇੰਸ਼ਾ ਅੱਲਾਹ ਆਇੰਦਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਮੈਂ ਪਹਿਲਾਂ ਵੀ **ਬੰਗਲਾਦੇਸ਼** ਦੇ ਬਾਰੇ ਦੁਆ ਦੇ ਲਈ ਕਿਹਾ ਸੀ। ਉੱਥੇ ਜੋ **ਅਹਮਦਿੱਯਤ ਵਿਰੋਧੀ ਤਬਕ਼ਾ** ਹੈ, ਉਹ ਕਾਫ਼ੀ ਸ਼ੋਰ ਮਚਾ ਰਿਹਾ ਹੈ। ਅੱਲਾਹ ਤਆਲਾ ਹਰ ਅਹਿਮਦੀ ਨੂੰ ਮਹਿਫ਼ੂਜ਼ ਰੱਖੇ, ਉਨ੍ਹਾਂ ਦੇ ਸ਼ਰ ਤੋਂ ਬਚਾਵੇ। ਇਸੇ ਤਰ੍ਹਾਂ ਪਾਕਿਸਤਾਨ ਦੇ ਅਹਿਮਦੀਆਂ ਲਈ ਵੀ ਦੁਆ ਕਰੋ, ਅੱਲਾਹ ਤਆਲਾ ਉਨ੍ਹਾਂ ਨੂੰ ਵੀ ਮਹਿਫ਼ੂਜ਼ ਰੱਖੇ। ਹੁਣ ਬਹੁਤ ਜ਼ਿਆਦਾ ਦੁਆਵਾਂ ਦੀ ਲੋੜ ਹੈ। ਇਸੇ ਤਰ੍ਹਾਂ ਮਿਡਲ ਈਸਟ ਦੇ ਲਈ ਵੀ ਦੁਆ ਕਰੋ। ਸੰਧੀਆਂ ਅਤੇ ਸੀਜ਼ ਫ਼ਾਇਰ ਦੇ ਬਾਵਜੂਦ ਉਨ੍ਹਾਂ ਦਾ ਇਸੇ ਤਰ੍ਹਾਂ **ਕ਼ਤਲਿ ਆਮ** ਹੋ ਰਿਹਾ ਹੈ। ਅੱਲਾਹ ਤਆਲਾ ਰਹਿਮ ਫ਼ਰਮਾਵੇ। ਇਸੇ ਤਰ੍ਹਾਂ ਅਫ਼ਰੀਕ਼ਾ ਦੇ ਅਹਿਮਦੀਆਂ ਦੇ ਲਈ ਵੀ ਦੁਆ ਕਰੋ। ਉਨ੍ਹਾਂ ਵਿੱਚ ਵੀ ਕੁੱਝ ਜਗ੍ਹਾਵਾਂ 'ਤੇ ਹਕੂਮਤਾਂ ਉਨ੍ਹਾਂ ਤੇ ਜ਼ੁਲਮ ਕਰ ਰਹੀਆਂ ਹਨ, ਕੁੱਝ ਜਗ੍ਹਾਵਾਂ 'ਤੇ ਦਹਿਸ਼ਤਗਰਦ ਵੱਖ ਵੱਖ ਜਗ੍ਹਾ 'ਤੇ ਹਮਲੇ ਕਰ ਰਹੇ ਹਨ। ਕਈ ਵਾਰ ਅਹਿਮਦੀ ਵੀ **ਪ੍ਰਭਾਵਿਤ** ਹੋ ਜਾਂਦੇ ਹਨ। ਅੱਲਾਹ ਤਆਲਾ ਸਾਰੀ ਦੁਨਿਆ ਵਿੱਚ **ਅਮਨ** ਅਤੇ **ਸਲਾਮਤੀ** ਕ਼ਾਇਮ ਕਰੇ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਮੁਹੰਮਦ ਹੁਸੈਨ ਸਾਹਿਬ ਵਲਦ ਮੁਹੰਮਦ ਇਸਮਾਈਲ ਸਾਹਿਬ ਆਫ਼ ਰਬਵਾ ਦਾ ਜ਼ਿਕਰਿ ਖ਼ੈਰ ਫ਼ਰਮਾਇਆ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਮਰਹੂਮ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ **ਬੁਲੰਦੀ** ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ
يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ
تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞